BRAMPTON Flower City
brampton.ca

Service and Information Update

27 ਜੂਨ, 2018

# ਸਿਟੀ ਨੇ ਇੱਕ ਸਾਫ਼, ਸੁਰੱਖਿਅਤ ਅਤੇ ਆਕਰਸ਼ਕ ਬ੍ਰੈਂਪਟਨ ਦਾ ਵਾਧਾ ਕਰਨ ਲਈ ਦੋ ਨਵੇਂ ਉਪ-ਨਿਯਮ ਤੈਅ ਕੀਤੇ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਹੁਣੇ ਜਿਹੇ ਹੀ ਸਿਟੀ ਦੀ ਕੁਆਲਿਟੀ ਨੂੰ ਕਾਇਮ ਰੱਖਣ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਦੋ ਨਵੇਂ ਉਪ-ਨਿਯਮਾਂ (ਬਾਇ-ਲਾਅ) ਨੂੰ ਮਨਜ਼ੂਰੀ ਦਿੱਤੀ ਸੀ, ਇਹ ਹਨ – ਅਣਅਧਿਕਾਰਤ ਪਾਰਕਿੰਗ ਉਪ-ਨਿਯਮ (Unauthorized Parking By-law) ਅਤੇ ਜਨਤਕ ਪਰੇਸ਼ਾਨੀ ਉਪ-ਨਿਯਮ (Public Nuisance By-law)।

**ਅਣਅਧਿਕਾਰਤ ਪਾਰਕਿੰਗ ਉਪ-ਨਿਯਮ**

30 ਮਈ, 2018 ਨੂੰ, ਕਾਉਂਸਿਲ ਨੇ ਘਾਹ ਦੇ ਬੁਲੇਵਾਰਡਸ ਅਤੇ ਅਗਲੇ ਪਾਸੇ ਦੇ ਅਤੇ ਕਿਨਾਰੇ ਦੇ ਅਹਾਤਿਆਂ (ਯਾਰਡਸ) 'ਤੇ ਅਵੈਧ ਰੂਪ ਨਾਲ ਖੜ੍ਹੇ ਕੀਤੇ ਵਾਹਨਾਂ 'ਤੇ ਪਾਬੰਦੀ ਲਗਾਉਣ ਲਈ ਅਣਅਧਿਕਾਰਤ ਪਾਰਕਿੰਗ ਉਪ-ਨਿਯਮ ਨੂੰ ਮਨਜ਼ੂਰੀ ਦਿੱਤੀ ਸੀ। ਨਵੇਂ ਉਪ-ਨਿਯਮ ਹੇਠ, ਅਫ਼ਸਰ ਉਹਨਾਂ ਵਾਹਨਾਂ ਲਈ $75 ਦਾ ਇੱਕ ਪਾਰਕਿੰਗ ਜੁਰਮਾਨਾ ਨੋਟਿਸ (Parking Penalty Notice) ਜਾਰੀ ਕਰ ਸਕਦੇ ਹਨ, ਜੋ ਬਿਲਕੁੱਲ ਬਾਹਰਲੇ ਭਾਗਾਂ 'ਤੇ ਅਵੈਧ ਰੂਪ ਨਾਲ ਖੜ੍ਹੇ ਹੋਣ। ਜੁਰਮਾਨਾ ਨੋਟਿਸ ਹੁਣ ਐਨਫੋਰਸਮੈਂਟ ਅਫਸਰਾਂ (Enforcement Officers) ਵੱਲੋਂ ਤੁਰੰਤ ਜਾਰੀ ਕੀਤੇ ਜਾ ਸਕਦੇ ਹਨ, ਜੋ ਪ੍ਰਤੀਦਿਨ 24 ਘੰਟੇ ਗਸ਼ਤ 'ਤੇ ਰਹਿੰਦੇ ਹਨ।

ਪੁਰਾਣੇ ਉਪ-ਨਿਯਮ ਹੇਠ, ਪ੍ਰਾਪਰਟੀ ਸਟੈਂਡਰਡ ਆਰਡਰਸ (Property Standard Orders) ਉਦੋਂ ਜਾਰੀ ਕੀਤੇ ਜਾਂਦੇ ਸਨ, ਜਦੋਂ ਵਾਹਨ ਬਾਗਬਾਨੀ ਵਾਲੇ ਅਗਲੇ ਪਾਸੇ ਦੇ ਅਤੇ ਕਿਨਾਰੇ ਦੇ ਅਹਾਤਿਆਂ 'ਤੇ ਖੜ੍ਹੇ ਕੀਤੇ ਜਾਂਦੇ ਸਨ ਅਤੇ ਜੁਰਮਾਨਾ ਨੋਟਿਸ ਉਦੋਂ ਜਾਰੀ ਕੀਤੇ ਜਾਂਦੇ ਹਨ, ਜਦੋਂ ਵਾਹਨ ਬਾਗਬਾਨੀ ਵਾਲੇ ਬੁਲੇਵਾਰਡਸ 'ਤੇ ਖੜ੍ਹੇ ਕੀਤੇ ਜਾਂਦੇ ਹਨ। ਜਿਹਨਾਂ ਨੂੰ ਘਾਹ ਬੁਲੇਵਾਰਡ 'ਤੇ ਪਾਰਕਿੰਗ ਕਰਕੇ ਉਲੰਘਣਾ ਕਰਦੇ ਹੋਏ ਪਾਇਆ ਜਾਂਦਾ ਸੀ, ਉਹਨਾਂ 'ਤੇ $35 ਜੁਰਮਾਨਾ ਲਗਾਇਆ ਜਾਂਦਾ ਸੀ, ਅਤੇ ਜੋ ਅਗਲੇ ਪਾਸੇ ਦੇ ਜਾਂ ਕਿਨਾਰੇ ਦੇ ਕਿਸੇ ਨਿੱਜੀ ਅਹਾਤੇ 'ਤੇ ਪਾਰਕਿੰਗ ਕਰਦੇ ਸਨ, ਉਹਨਾਂ ਨੂੰ ਆਪਣੇ ਵਾਹਨ ਹਟਾਉਣ ਲਈ ਘੱਟੋ-ਘੱਟ 21 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਸੀ। ਇਸਤੋਂ ਇਲਾਵਾ, ਲਗਾਏ ਗਏ ਦੋਸ਼ਾਂ ਦਾ ਨਿਬੇੜਾ ਕਰਨ ਵਿੱਚ ਇੱਕ ਸਾਲ ਤੱਕ ਦਾ ਸਮਾਂ ਲੱਗ ਜਾਂਦਾ ਸੀ।

ਨਵੇਂ ਉਪ-ਨਿਯਮ ਨਾਲ ਸਥਾਨਕ ਇਲਾਕਿਆਂ ਦੇ ਰੰਗ-ਰੂਪ ਨੂੰ ਬਿਹਤਰ ਬਣਾਉਣ ਦੇ ਨਾਲ-ਨਾਲ, ਉਪ-ਨਿਯਮ ਸਬੰਧੀ ਹੋਰ ਖ਼ਾਸ ਸਮੱਸਿਆਵਾਂ ਲਈ ਮਜ਼ਦੂਰ ਵਸੀਲਿਆਂ ਦੀ ਮੁੜ ਵੰਡ ਕਰਦੇ ਹੋਏ, ਅਗਲੇ ਪਾਸੇ ਦੇ ਅਤੇ ਕਿਨਾਰੇ ਦੇ ਅਹਾਤਿਆਂ ਨਾਲ ਸਬੰਧਿਤ ਪਾਰਕਿੰਗ ਸ਼ਿਕਾਇਤਾਂ 'ਤੇ ਐਨਫੋਰਸਮੈਂਟ ਸਟਾਫ਼ ਦਾ ਘੱਟ ਸਮਾਂ ਖ਼ਰਚ ਹੋਵੇਗਾ।

**ਜਨਤਕ ਪਰੇਸ਼ਾਨੀ ਉਪ-ਨਿਯਮ**

ਸ਼ੋਰ ਕਰਨ ਵਾਲੀਆਂ ਪਾਰਟੀਆਂ, ਜਿੱਥੇ ਵੀਕੈਂਡ ਨੂੰ ਰੁਕਣ ਲਈ, ਵਿਆਹਾਂ ਲਈ ਜਾਂ ਹੋਰ ਖ਼ਾਸ ਕਾਰਜਕਰਮਾਂ ਲਈ ਰਿਹਾਇਸ਼ੀ ਪ੍ਰਾਪਰਟੀਜ ਨੂੰ ਕਿਰਾਏ 'ਤੇ ਲੈਣ ਵਾਲੇ ਲੋਕਾਂ ਵੱਲੋਂ ਸ਼ੋਰ ਪਾਇਆ ਜਾਂਦਾ ਹੈ ਅਤੇ ਭੈੜਾ ਵਿਵਹਾਰ ਕੀਤਾ ਜਾਂਦਾ ਹੈ, ਵਿੱਚ ਵਾਧਾ ਹੋਣ ਦੀ ਪ੍ਰਕਿਰਿਆ ਵਿੱਚ, ਕਾਉਂਸਿਲ ਨੇ 27 ਜੂਨ, 2018 ਨੂੰ ਜਨਤਕ ਪਰੇਸ਼ਾਨੀ ਉਪ-ਨਿਯਮ ਨੂੰ ਮਨਜ਼ੂਰੀ ਦਿੱਤੀ।

ਉਪ-ਨਿਯਮ ਨਿਵਾਸੀਆਂ ਅਤੇ ਉਹਨਾਂ ਦੇ ਮੇਹਮਾਨਾਂ ਵੱਲੋਂ ਅਪਮਾਨਜਨਕ ਅਤੇ/ਜਾਂ ਅਸ਼ਲੀਲ ਵਿਵਹਾਰ ਅਤੇ ਕਿਰਿਆਵਾਂ ਕਰਨ, ਗਾਲ੍ਹਾਂ ਕੱਢਣ, ਅਤੇ ਕਿਸੇ ਹੋਰ ਸੰਭਾਵੀ ਵਿਘਨ ਪਾਉਣ ਵਾਲੇ ਵਿਵਹਾਰ ਸਬੰਧੀ ਸਮੱਸਿਆਵਾਂ 'ਤੇ ਧਿਆਨ ਦੇਵੇਗਾ। ਇਹ ਕਈ ਤਰ੍ਹਾਂ ਦੀਆਂ ਹੋਰ ਜਨਤਕ ਪਰੇਸ਼ਾਨੀਆਂ 'ਤੇ ਵੀ ਧਿਆਨ ਦੇਵੇਗਾ, ਜਿਹਨਾਂ ਵਿੱਚ ਸ਼ਾਮਲ ਹਨ, ਸੜਕਾਂ 'ਤੇ ਭੀਖ ਮੰਗਣਾ, ਕੰਧਾਂ 'ਤੇ ਲਿਖਣਾ ਅਤੇ ਜਨਤਕ ਪ੍ਰਾਪਰਟੀ ਦੀ ਹਾਨੀ, ਅਤੇ ਇਹ ਇਤਰਾਜ਼ਯੋਗ ਖੁਸ਼ਬੂਆਂ ਜਾਂ ਧੂੰਏਂ, ਮਿੱਟੀ ਜਾਂ ਹਵਾ ਰਾਹੀਂ ਆਉਣ ਵਾਲੇ ਅਣੂਆਂ ਦੇ ਕਣਾਂ ਦੇ ਨਿਕਾਸ 'ਤੇ ਪਾਬੰਦੀ ਲਗਾਏਗਾ, ਉਹਨਾਂ ਥਾਵਾਂ ਨੂੰ ਛੱਡ ਕੇ, ਜਿੱਥੇ ਸਿਟੀ ਵੱਲੋਂ ਇਜਾਜ਼ਤ ਦਿੱਤੀ ਗਈ ਹੈ।

ਜਨਤਕ ਪਰੇਸ਼ਾਨੀ ਉਪ-ਨਿਯਮ ਆਸਪਾਸ ਦੀਆਂ ਸ਼ੋਰ ਕਰਨ ਵਾਲੀਆਂ ਪਾਰਟੀਆਂ ਅਤੇ ਹੋਰ ਜਨਤਕ ਪਰੇਸ਼ਾਨੀਆਂ ਸਬੰਧੀ ਸਮੱਸਿਆਵਾਂ ਦਾ ਨਿਬੇੜਾ ਕਰਨ ਵਿੱਚ ਸਿਟੀ ਐਨਫੋਰਸਮੈਂਟ ਸਟਾਫ (City Enforcement staff) ਅਤੇ ਪੁਲਿਸ ਦੀ ਸਹਾਇਤਾ ਕਰੇਗਾ ਅਤੇ ਉਹਨਾਂ ਨੂੰ ਵਾਧੂ ਸਾਧਨ ਮੁਹੱਈਆ ਕਰੇਗਾ।

ਉਪ-ਨਿਯਮ ਸਿਟੀ ਦੀ ਕੁਆਲਿਟੀ ਨੂੰ ਕਾਇਮ ਰੱਖਣ ਵਿੱਚ ਮਦਦ ਕਰਦੇ ਹਨ, ਅਤੇ ਹਰੇਕ ਬ੍ਰੈਂਪਟਨ ਵਾਸੀ ਦੀ ਇਹਨਾਂ ਮਿਆਰਾਂ ਨੂੰ ਕਾਇਮ ਰੱਖਣ ਵਿੱਚ ਭੂਮਿਕਾ ਹੁੰਦੀ ਹੈ। ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਾਂ) ਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਹਰ ਕੋਈ ਇੱਕ ਸਾਫ਼, ਸੁਰੱਖਿਅਤ ਸ਼ਹਿਰ ਦਾ ਅਨੰਦ ਮਾਣੇ, ਸਿਟੀ ਦੇ ਉਪ-ਨਿਯਮਾਂ ਦੀ ਪਾਲਣਾ ਕਰਕੇ ਬ੍ਰੈਂਪਟਨ ਦੀ ਭਲਾਈ ਵਿੱਚ ਯੋਗਦਾਨ ਪਾਉਣ ਲਈ ਆਪਣੀ ਭੂਮਿਕਾ ਨਿਭਾਉਣ ਲਈ ਕਿਹਾ ਜਾਂਦਾ ਹੈ।

ਇਹਨਾਂ ਬਾਰੇ ਅਤੇ ਦੂਜੇ ਉਪ-ਨਿਯਮਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/bylaws 'ਤੇ ਜਾਓ।

-30-